**Prabodh : International Journal of Languages and Social Sciences**
**(A Peer-Reviewed Yearly Journal) ISSN: 2349-0179**

# ਡਾ. ਦਲੀਪ ਕੌਰ ਟਿਵਾਣਾਂ ਦੇ ਨਾਵਲ ਏਹੁ ਹਮਾਰਾ ਜੀਵਣਾ" ਵਿੱਚ ਔਰਤ ਦਾ ਬਿਰਤਾਂਤ

ਮਨਜੀਤ ਕੌਰ * ਡਾ. ਧਰਮਿੰਦਰ ਸਿੰਘ **
* ਅਸਿਸਟੈਂਟ ਪ੍ਰੋਫੈਸਰ ਅਕਾਲ ਡਿਗਰੀ ਕਾਲਜ ਸੰਗਰੂਰ ** ਨਿਗਰਾਨ ਦੇਸ਼ ਭਗਤ ਯੂਨੀਵਰਸਿਟੀ

ਬਿਰਤਾਂਤ ਆਪਸ ਵਿੱਚ ਜੁੜੀਆਂ ਹੋਈਆਂ ਘਟਨਾਵਾਂ ਨੂੰ ਪਾਠਕਾਂ ਅੱਗੇ ਲਿਖਤੀ ਰੂਪ ਜਾਂ ਬੋਲ ਚਾਲ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਬਿਰਤਾਂਤ ਦਾ ਇਤਿਹਾਸ ਮਨੁੱਖਤਾ ਦੇ ਇਤਹਾਸ ਨਾਲ ਹੀ ਸੁਰੂ ਹੋ ਜਾਂਦਾ ਹੈ। ਅੱਜ ਤੱਕ ਦਾ ਕੋਈ ਵੀ ਅਜਿਹਾ ਸੱਭਿਆਚਾਰ ਨਹੀਂ ਹੋਇਆ ਜਿਸ ਕੋਲ ਬਿਰਤਾਂਤ ਨਾ ਹੋਵੇ। ਬਿਰਤਾਂਤ ਵਿੱਚ ਜੀਵਨੀਆਂ, ਸਫਰਨਾਮੇ, ਮਿੱਥ, ਜਨਮ ਸਾਖੀਆ, ਸਾਹਿਤ, ਕਾਵਿ ਅਤੇ ਡਰਾਮੇਂ ਆ ਜਾਂਦੇ ਹਨ। ਬਿਰਤਾਂਤ ਮਾਨਵੀਂ ਕਲਾਤਮਿਕਤਾ ਦੇ ਹਰ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਜਿਵੇ ਕਿ ਏਹੁ ਹਮਾਰਾ ਜੀਵਣਾ ਨਾਵਲ ਵਿੱਚ ਭਾਨੋ ਔਰਤ ਦਾ ਬਿਰਤਾਂਤ ਪੇਸ਼ ਕੀਤਾ ਗਿਆ ਹੈ।

ਨਾਵਲ "ਏਹੁ ਹਮਾਰਾ ਜੀਵਣਾ" ਮੁੱਲ ਦੀ ਤੀਵੀਂ ਦੇ ਸੰਕਟ ਦਾ ਬਿਰਤਾਂਤ ਹੈ। ਮੁੱਲ ਦੀ ਤੀਵੀਂ ਹੋਣਾ ਇਸ ਬਿਰਤਾਂਤ ਦਾ ਰਵਾਨਗੀ ਬਿੰਦੂ ਹੈ। ਜਿਵੇਂ ਕਿ ਲੇਖਿਕਾ ਨੇ ਆਪਣੀ ਸਾਹਿਤਕ ਸਵੈ-ਜੀਵਨੀ ਵਿੱਚ ਲਿਖਿਆ ਹੈ," ਤੁਸੀਂ ਜਾਣਨਾ ਚਾਹੋਗੇ ਕਿ ਬੀਜ ਬਿਰਖ ਕਿਵੇਂ ਬਣਦੇ ਨੇ। "ਏਹੁ ਹਮਾਰਾ ਜੀਵਣਾ" ਦੀ ਨਾਇਕਾ ਭਾਨੋ ਵਰਗੀ ਔਰਤ ਨੂੰ ਮੈਂ ਆਪਣੇ ਨਾਨਕੀ ਪਾਠ ਦੇ ਭੋਗ ਤੇ ਦੇਖਿਆ ਸੀ ਤੇ ਉਸਦੀ ਬੇਚੈਨ ਜਿਹੀ ਸ਼ਕਲ ਧੁਰ ਮੇਰੇ ਅੰਦਰ ਕਿਧਰੇ ਮੇਰੇ ਮਨ ਵਿਚ ਲਹਿ ਗਈ ਸੀ। ਮੈਂ ਮਾਮੀ ਜੀ ਨੂੰ ਉਸ ਬਾਰੇ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਨਰਾਇਣ ਅਮਲੀ ਦੀ ਘਰਵਾਲੀ ਹੈ, ਹਰਦੁਆਰੋਂ ਲੈ ਕੇ ਆਇਅ। ਗੱਲ ਆਈ ਗਈ ਹੋ ਗਈ। ਵਕਤ ਲੰਘਦਾ ਗਿਆ। ਮੇਰੇ ਅਚੇਤ ਮਨ ਨੇ ਪਤਾ ਨਹੀਂ ਕਦੋਂ ਤੇ ਕਿਵੇਂ ਇੱਕ ਕਹਾਣੀ ਸਿਰਜ ਲਈ। ਮੇਰੇ ਹੱਥਾਂ ਨੇ
ਜਦੋਂ ਉਹ ਕਹਾਣੀ ਲਿਖੀ ਤਾਂ ਉਹ "ਏਹੁ ਹਮਾਰਾ ਜੀਵਣਾ" ਨਾਵਲ ਬਣ ਗਿਆ।"

ਬਿਰਤਾਂਤ ਦੇ ਸ਼ੁਰੂ ਵਿਚ ਭਾਨੋ ਦਾ ਭਰਾ ਡੋਗਰ, ਜਰਗ ਦੇ ਮੇਲੇ ਵਿਚ ਤੱਤੀ ਦੇਸੀ ਸ਼ਰਾਬ ਪੀਣ ਕਾਰਣ ਬਿਮਾਰ ਹੋ ਜਾਂਦਾ ਹੈ। ਉਸ ਦੇ ਇਲਾਜ ਉੱਤੇ ਹੋਏ ਖਰਚ ਕਾਰਨ ਪਰਿਵਾਰ ਕੰਗਾਲ ਹੋ ਜਾਂਦਾ ਹੈ। ਇਸੇ ਦੌਰਾਨ ਭਾਨੋ ਦਾ ਬਾਪ ਉਸ ਦਾ ਮੁੱਲ ਦਾ ਵਿਆਹ ਕਰ ਦਿੰਦਾ ਹੈ। ਆਪਣੇ ਪੁੱਤ ਨੂੰ ਬਚਾਉਣ ਲਈ ਉਹ ਆਪਣੀ ਧੀ ਨੂੰ ਦੁੱਖਾਂ ਵਿਚ ਝੋਕ ਦਿੰਦਾ ਹੈ। ਭਾਨੋ ਵੀ ਆਪਣੇ ਭਾਈ ਨੂੰ ਬਚਾਉਣ ਲਈ ਇਹ ਕੁਰਬਾਨੀ ਕਰਦੀ ਹੈ। ਇਸ ਤੋਂ ਪਰਗਟ ਹੁੰਦਾ ਹੈ ਕਿ ਪੰਜਾਬੀ ਸਭਿਆਚਾਰਕ ਸਮਾਜ ਵਿਚ ਪੁੱਤਾਂ ਅਤੇ ਭਾਈਆਂ ਦੀ ਇੱਕ ਭਾਵ੍ਜੁਗਤ ਹੈ। ਇਸ ਪ੍ਰਬੰਧ ਵਿਚ ਸ਼ਾਮਲ ਔਰਤ ਲਈ ਪੁੱਤ, ਭਾਈ, ਪਤੀ ਅਤੇ ਬਾਪ ਦੀ ਸਭਿਆਚਾਰਕ ਅਤੇ ਸਮਾਜਿਕ ਮਹੱਤਤਾ ਹੈ। ਇਸ ਕਰਕੇ ਭਾਈਆਂ ਵਾਲੀ ਅਤੇ ਪੁੱਤਾਂ ਵਾਲੀ ਦੇ ਸਮਾਜਿਕ ਸਭਿਆਚਾਰਕ ਸੰਕਲਪ ਹਨ। ਭਾਨੋ ਦੇ ਪਤੀ ਸਰਵਣ ਦਾ ਕਤਲ ਨਾ ਹੁੰਦਾ ਜੇ ਉਸਦੇ ਕਈ ਭਾਈ ਹੁੰਦੇ ਜਾਂ ਭਾਨੋ ਦਾ ਭਰਾ ਡੋਗਰ ਜਿਉਂਦਾ ਹੁੰਦਾ। ਹੋ ਸਕਦੇ ਉਸ ਦਾ ਮੁੱਲ ਦਾ ਵਿਆਹ ਹੀ ਨਾ ਹੁੰਦਾ ਜੇ ਉਸਦੇ ਭਾਈ ਹੁੰਦੇ। ਭਾਨੋ ਨੂੰ ਸਰਵਣ ਸਮੇਂ ਮੁੱਲ ਦੇ ਵਿਆਹ ਦੀ ਹੋਣ ਕਾਰਨ, ਉਸ ਪ੍ਰਬੰਧ ਵਿਚ ਮਾਨ੍ਸਨਮਾਨ ਨਹੀਂ ਮਿਲਦਾਪਰੰਤੂ ਉਸ ਤੋਂ ਮੌਤ ਤੋਂ ਬਾਅਦ ਜੇ ਭਾਨੋ ਦੇ ਔਲਾਦ ਹੁੰਦੀ ਤਾਂ ਉਸਦੀ ਇੱਕ ਸਮਾਜਿਕ ਸਾਂਝ, ਸਰਵਣ ਦੀ ਕੁਲ ਅੱਗੇ ਤੋਰਨ ਵਾਲੀ ਹੋ ਜਾਂਦੀ, ਸਰਵਨ ਦਾ ਉਸ ਸਮਾਜ ਪ੍ਰਬੰਧ ਵਿਚ ਯੋਗਦਾਨ ਬਣਿਆ ਰਹਿੰਦਾ ਜਿਸਦੇ ਸਹਾਰੇ ਭਾਨੋ ਵੀ ਆਪਣੇ ਸਹੁਰੇ ਘਰ ਬੈਠ ਕੇ ਰੰਡੇਪਾ ਕਰ ਲੈਂਦੀ। ਬਿਰਤਾਂਤ ਦੀ ਇੱਕ ਹੋਰ ਕੜੀ ਵਿਚ ਸੱਸ ਆਪਣੀ ਨੂੰਹ ਦੀ ਸੰਤਾਨ ਖਾਸ ਕਰਕੇ ਕੁਲ ਨੂੰ ਅੱਗੇ ਤੋਰਨ ਵਾਲੇ ਨਰ ਵਾਰਿਸ, ਬੱਚੇ ਦੀ ਆਮਦ ਨਾਲ ਸੰਬੰਧਿਤ ਰਿਵਾਜਾਂ ਨੂੰ ਇਸ ਤੰਦ ਅਧੀਨ ਪੇਸ਼ ਕੀਤਾ ਹੈ ਭਾਨੋ ਇੱਕ ਦਿਨ ਨਰੈਣ ਦੀ ਮਾਂ ਦਾ ਸੰਦੂਕ ਖੋਲ ਲੈਂਦੀ ਹੈ। ਸੰਦੂਕ ਵਿਚ ਦੋ ਖੱਦਰ ਦੀਆਂ ਫੁਲਕਾਰੀਆਂ ਸਨ। ਇੱਕ ਨੀਲ੍ਹੇਚਿੱਟੇ ਡੱਬਿਆਂ ਦੀ ਦਰੀ ਸੀ। ਦੋ ਕੁ ਕੁੜਤੀਆਂ ਝੋਨੇ ਪਏ ਸਨ। ਇਕ ਸੂਫ ਦਾ ਘੱਗਰਾ ਸੀ। ਚਾਰ ਕੁ ਘਰ ਬੁਣੇ ਫਿਟ ਚੁੱਕੇ ਰੰਗਾਂ ਵਾਲੇ ਨਾਲੇ ਸਨ। ਇੱਕ ਬੋਹੀਆ ਸੀ, ਬੋਹੀਏ ਵਿਚ ਇੱਕ ਛੀਂਟ ਦੀ ਲੀਰ ਦੇ ਲੜ ਇੱਕ ਚਾਂਦੀ ਦਾ ਤਵੀਤ ਸੀ। ਇੱਕ ਸਿੱਪੀ ਸੀ। ਇੱਕ ਕਾਲਾ ਮਣਕਾ ਸੀ। ਇੱਕੇ ਸ਼ੇਰ ਦੀ ਨਹੁੰਦਰ ਸੀ। ਜਿਵੇਂ ਕਿਸੇ ਜੁਆਕ ਦੇ ਗਲ ਪਾਉਣ ਲਈ ਇਹ ਸਭ ਚੀਜ਼ਾਂ ਇਕੱਠੀਆਂ ਕਰਕੇ ਰੱਖੀਆਂ ਹੋਣ। ਨਾਵਲ "ਏਹੁ ਹਮਾਰਾ ਜੀਵਣਾ" ਦੀ ਨਾਇਕਾ ਭਾਨੋ ਨੂੰ ਦਾ ਬਾਪ ਉਸਦਾ ਫਿਰ ਮੁੱਲ ਦਾ ਵਿਆਹ ਕਰਨਾ ਚਾਹੁੰਦਾ ਹੈ ਤਾਂ ਭਾਨੋ ਗੰਗਾ ਇਸ਼ਨਾਨ ਕਰਨ ਗਈਆਂ ਪਿੰਡ ਦੀਆਂ ਔਰਤਾਂ ਤੋਂ ਅਲੱਗ ਹੋ ਕੇ ਗੰਗਾ ਵਿੱਚ ਛਾਲ ਮਾਰ ਕੇ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਨਰੈਣਾਂ ਅਮਲੀ ਉਸਨੂੰ ਬਚਾ ਲੈਂਦਾ ਹੈ ਅਤੇ ਆਪਣੇ ਪਿੰਡ ਲੈ ਆਉਂਦਾ ਹੈ।

ਪੰਜਾਬ ਸਭਿਆਚਾਰ ਵਿੱਚ ਅਮਲੀਆ ਬਾਰੇ ਬਹੁਤ ਸਾਰੀਆਂ ਧਾਰਨਾਵਾਂ ਬਣੀਆਂ ਹੋਈਆਂ ਹਨ। ਇਹ ਪੰਜਾਬੀ ਮਰਦਾਂ ਦੀ ਇੱਕ ਵੰਨਗੀ ਹੈ। ਅਫੀਮ, ਭੁੱਕੀ, ਡੋਡੇ, ਚਿਲਮਾ ਆਦਿ ਚੀਜ਼ਾਂ ਦੇ ਇਹ ਆਦੀ ਹੁੰਦੇ ਹਨ। ਬੁੱਧੀ ਦੇ ਤਿੱਖੇ, ਪਰ ਅਸਲੀ ਅਤੇ ਨਿਕੰਮੇ ਇਨਸਾਨ ਹੁੰਦੇ ਹਨ। ਇਹ ਸਮਾਜ ਦੀ ਸਥਪਿਤ ਧਾਰਾ ਤੋਂ ਵੱਖਰੇ ਹੁੰਦੇ ਹਨ। ਨਸ਼ਿਆਂ ਤੋਂ ਵੱਧ ਇਹਨਾਂ ਨੂੰ ਦੁਨੀਆਂ ਦੀਆਂ ਹੋਰ ਚੀਜ਼ਾਂ ਨਾਲ ਬਹੁਤਾ ਲਗਾਉ ਨਹੀਂ ਹੁੰਦਾ। ਪੰਜਾਬ ਦੇ ਪਿੰਡਾਂ ਵਿੱਚ ਇਹਨਾਂ ਦੀ ਵੱਖਰੀ ਪਹਿਚਾਣ ਹੈ। ਪੰਜਾਬ ਦੇ ਮੌਖਿਕ ਸਾਹਿਤ ਅਤੇ ਪੰਰਪਰਾ ਵਿੱਚ ਇਹਨਾਂ ਸਬੰਧੀ ਦੰਦ੍ ਕਥਾਵਾਂ ਦੀ ਭਰਮਾਰ ਹੈ। ਮੈਡਮ ਦਲੀਪ ਕੌਰ ਟਿਵਾਣਾ ਦੇ ਨਾਵਲ "ਏਹੁ ਹਮਾਰਾ ਜੀਵਣਾ "ਵਿਚਲੇ ਨਰੈਣ ਅਮਲੀ ਨੇ ਜਵਾਨੀ ਸਮੇਂ ਇੱਕ ਮੁੱਲ ਦੀ ਤੀਵੀਂ ਲਿਆਂਦੀ ਸੀ ਪਰੰਤੂ ਉਹ ਥੋੜ੍ਹੇ ਦਿਨ ਉਹਦੇ ਨਾਲ ਰਹਿ ਸਕੀ, ਫਿਰ ਕਿਧਰੇ ਹੋਰ ਦੇ ਜਾ ਵੱਸੀ। ਹੁਣ ਜਦੋਂ ਉਸਦੇ ਘਰ ਪਿੰਡ ਦੀਆਂ ਔਰਤਾਂ ਜਦੋਂ ਭਾਨੋ ਨੂੰ ਵੇਖਦੀਆਂ ਹਨ ਤਾ ਉਸਦੀ ਚਰਚਾ ਹੋਣੀ ਸੁਭਾਵਿਕ ਹੈ। ਨਰੈਣ

ਅਮਲੀ ਹੈ, ਪਿੰਡ ਦੇ ਹੋਰ ਬੰਦਿਆਂ ਤੋਂ ਵੱਖਰਾ ਹੈ, ਉਸਦਾ ਘਰ ਵੀ ਬਾਕੀ ਲੋਕਾਂ ਦੇ ਘਰਾਂ ਤੋਂ ਵੱਖਰਾ ਹੋਵੇਗਾ। ਉਹ ਛੜ੍ਹਛਾਂਟ ਹੈ, ਉਸ ਘਰ ਵਿਚ ਉਸ ਨਾਲ ਰਹਿਣ ਲਈ ਆਈ ਔਰਤ ਵੀ ਇਸ ਜਾਗੀਰਦਾਰੀ ਪ੍ਰਬੰਧ ਦੇ ਲੋਕਾਂ ਦੀ ਸੋਚ ਅਨੁਸਾਰ ਕੋਈ ਵਿਕਾਊ ਔਰਤ ਹੀ ਹੋਵੇਗੀ।

ਭਾਨੋ ਬਾਰੇ ਚਰਚਾ ਕਰ ਰਹੀਆਂ ਇਹ ਘਰਾਣਿਆਂ ਦੀਆਂ ਔਰਤਾਂ ਹਨ। ਜਿਹਨਾਂ ਦੇ ਮਾਪਿਆਂ ਨੇ ਉਹਨਾਂ ਦੇ ਪੁੰਨ ਦੇ ਵਿਆਹ ਕੀਤੇ ਹਨ। ਘਰਾਣਿਆਂ ਤੋਂ ਭਾਵ ਉਹ ਪਰਿਵਾਰ ਜਿਹਨਾਂ ਦੀ ਸਮਾਜ ਵਿੱਚ ਬਹੁਤ ਇੱਜ਼ਤ ਹੈ। ਭਾਨੋ ਬੇਘਰਾਣੇ ਦੀ ਔਰਤ ਹੈ, ਕਿਉਂਕਿ ਉਸਦਾ ਮੁੱਲ ਦਾ ਵਿਆਹ ਹੋਇਆ। ਘਰਾਣਿਆਂ ਦੀਆਂ ਔਰਤਾਂ ਅਨੁਸਾਰ ਮੁੱਲ ਦਾ ਵਿਆਹ ਕਰਾਉਣ ਵਾਲੀ ਔਰਤ ਬੇਘਰਾਣਿਆਂ ਦੀ ਹੁੰਦੀ ਹੈ। ਸਮਾਜ ਦੀਆਂ ਸੰਸਕਾਰਾਂ ਅਤੇ ਪਰੰਪਰਾਵਾਂ ਤੋਂ ਸੱਖਣੀ ਹੁੰਦੀ ਹੈ। ਚਰਿੱਤਰਹੀਣ, ਸਵਾਰਥੀ, ਲਾਲਚੀ ਔਰਤ ਨਾਲ ਜੁੜਨ ਵਾਲੀਆਂ ਸਾਰੀਆਂ ਸੰਭਾਵੀਂ ਬੁਰਾਈਆਂ ਵਿਚ ਹੁੰਦੀਆਂ ਹਨ। ਇਸ ਲਈ ਭਾਨੋ ਇਹਨਾਂ ਔਰਤਾਂ ਦੇ ਬਰਾਬਰ ਦੀ ਨਹੀਂ ਹੈ ਅਤੇ ਨਾ ਹੀ ਨਰੈਣ ਅਮਲੀ ਉਹਨਾਂ ਦੇ ਸਮਾਜ ਪ੍ਰਬੰਧ ਅਨੁਸਾਰ ਕਿਸੇ ਘਰਾਣੇ ਦਾ ਆਦਮੀ ਹੈ। ਇਸ ਲਈ ਬੀਹੀ ਵਿਚੋਂ ਲੰਘਦੀਆਂ ਟੱਪਦੀਆਂ ਇਹ ਔਰਤਾਂ ਭਾਨੋ ਅਤੇ ਨਰੈਣੇ ਦੀਆਂ ਗੱਲਾਂ ਕਰ ਰਹੀਆਂ ਹਨ। ਇਹ ਘਰਾਣੇ ਦੀਆਂ ਔਰਤਾਂ ਦੀ ਨਰੈਣ ਅਤੇ ਭਾਨੋ ਪ੍ਰਤੀ ਮਨੋਸਥਿਤੀ ਹੈ। ਇਹ ਸਮੂਹਿਕ ਚੇਤਨਾ, ਸਥਾਪਿਤ ਸਮਾਜ ਪ੍ਰਬੰਧ ਅਤੇ ਪਰੰਪਰਾਗਤ ਜਿੰਦਗੀ ਦੀਆਂ ਪ੍ਰਤੀਨਿਧ ਹਨ।

ਬੇਸ਼ੱਕ ਉਹ ਨਰੈਣ ਦੇ ਘਰ ਨੂੰ ਸੰਵਾਰਦੀ ਹੈ। ਇਕ ਰਕਾਨ ਔਰਤ ਵਾਂਗ ਨਰੈਣ ਦਾ ਘਰ ਸੰਭਾਲਦੀ ਹੈ। ਨਰੈਣ ਦੀ ਜ਼ਿੰਦਗੀ ਨੂੰ ਅਤੇ ਆਰਥਿਕਤਾ ਨੂੰ ਲੀਹ ’ਤੇ ਲਿਆਉਂਦੀ ਹੈ। ਸੁਚੱਜੀ ਔਰਤ ਹੋਣ ਦਾ ਪ੍ਰਮਾਣ ਪੇਸ਼ ਕਰਦੀ ਹੈ ਪਰੰਤੂ ਇਹ ਸਭ ਕੁੱਝ ਅਰਥਹੀਣ ਹੈ। ਕਿਉਂਕਿ ਉਹ ਮੁੱਲ ਦੀ ਔਰਤ ਹੈ ਘਰਾਣੇ ਦੀਆਂ ਔਰਤਾਂ ਵਾਂਗ ਵਿਆਹ ਕਰਵਾ ਕੇ ਨਹੀਂ ਆਈ। ਇਹਨਾਂ ਆਂਤਰਿਕ ਵਿਰੋਧਾਂ ਦੇ ਆਲੇ ਦੁਆਲੇ ਇਸ ਬਿਰਤਾਂਤ ਦੀ ਇਸ ਕੜੀ ਦੀ ਸਿਰਜਨਾ ਕੀਤੀ ਗਈ ਹੈ।

ਜਗੀਰਦਾਰੀ ਸਮਾਜ ਪ੍ਰਬੰਧ ਦਾ ਇਕ ਦਵੰਦ ਇਹ ਵੀ ਹੈ ਕਿ ਇੱਥੇ ਮਰਦ ਦੀ ਬਹੁਪਤਨੀ ਵਿਵਸਥਾ ਸਮਾਜ ਵੱਲੋ ਸਵਿਕਾਰੀ ਜਾਂਦੀ ਹੈ। ਪਰੰਤੂ ਔਰਤ ਦੇ ਦੂਸਰੇ ਮਰਦਾਂ ਨਾਲ ਸਬੰਧਾਂ ਨੂੰ ਸਵੀਕਾਰ ਤਾਂ ਕਿ ਬਰਦਾਸ਼ਤ ਕਰਨਾ ਵੀ ਔਖਾ ਹੈ। ਮਰਦ ਨੂੰ ਕਈ ਔਰਤਾਂ ਰੱਖਣ ਦਾ ਅਧਿਕਾਰ ਹੈ। ਪਤਨੀ ਦੇ ਸਾਰੇ ਅਧਿਕਾਰ ਪਤੀ ਕੋਲ ਹੁੰਦੇ ਹਨ ਭਾਵ ਉਹ ਪਤੀ ਦੀ ਗੁਲਾਮ ਹੁੰਦੀ ਹੈ। ਅਜਿਹੀ ਔਰਤ ਨੂੰ ਇਸ ਸਭਿਆਚਾਰਕ ਸਮਾਜ ਪ੍ਰਬੰਧ ਵਿਚ ਪਤੀਵਰਤਾ ਔਰਤ ਦੇ ਰੁਤਬੇ ਨਾਲ ਸਨਮਾਨਿਆ ਜਾਂਦਾ ਹੈ। ਨਰੈਣ ਨੂੰ ਭਾਨੋ ਵੱਲੋਂ ਆਪਣੇ ਪਹਿਲੇ ਪਤੀ ਸਰਵਣ ਜੋ ਕਿ ਮਰ ਚੁੱਕਾ ਹੈ। ਉਸਦੀ ਤਾਰੀਫ਼ ਜਾਂ ਉਸਦਾ ਨਾਂ ਲੈਣਾ ਵੀ ਚੰਗਾ ਨਹੀਂ ਲੱਗਦਾ। ਇਹ ਇਸ ਸਮਾਜ ਵਿਚ ਮਰਦ ਦੀ ਮਾਨਸਿਕਤਾ ਦਾ ਔਰਤ ਦੀ ਸਵੈ ਚੇਤੰਨਾ ਦੀ ਮਾਨਸਿਕਤਾ ਨਾਲ ਟਕਰਾਉ ਹੈ। ਅਧਿਕਾਰਾਂ ਦੀਆਂ ਬੰਧਿਸ਼ਾਂ ਅਤੇ ਮੋਹਲਤਾਂ ਦਾ ਟਕਰਾਉ ਹੈ। ਜਗੀਰਦਾਰੀ ਸਮਾਜ ਪ੍ਰਬੰਧ ਵਿਚ ਮਰਦ ਨੂੰ ਹਰ ਚੀਜ਼ ਤੇ ਕਾਬਜ ਹੋਣ ਦਾ ਅਧਿਕਾਰ ਹੈ ਜਮੀਨ ਔਰਤ, ਜਾਇਦਾਦ ਆਦਿ ਪਰ ਔਰਤ ਇਸ ਅਧਿਕਾਰ ਤੋਂ ਵਾਂਝੀ ਹੈ, ਉਸਨੂੰ ਆਪਣੇ ਮਰੇ ਹੋ ਪਤੀ ਦਾ ਨਾਂ ਲੈਣ ਅਤੇ ਉਸ ਨਾਲ ਬਿਤਾਏ ਪਲਾਂ ਦਾ ਜ਼ਿਕਰ ਕਰਨ ਦੀ ਮਨ੍ਹਾਹੀ ਹੈ। ਜੇਕਰ ਉਹ ਜ਼ਿਕਰ ਕਰਦੀ ਹੈ ਤਾਂ ਉਸਦੇ ਰਿਸ਼ਤੇ ਦਾ ਕੋਈ ਹੋਰ ਬਿੰਬ ਮਰਦ ਦੇ ਦਿਮਾਗ ਵਿਚ ਸਿਰਜਦਾ ਹੈ।

ਘਰਾਣੇ, ਬੇਘਰਾਣੇ ਇਸ ਪ੍ਰਬੰਧ ਦੀ ਮਾਨਸਿਕਤਾ ਨਿਰਧਾਰਿਤ ਕਰਦੀ ਹੈ, ਘਰਾਣਿਆਂ ਦੇ ਪ੍ਰਤੀਮਾਨ ਸਮੂਹਿਕ ਚੇਤਨਾ ਵਿੱਚ ਮੌਜੂਦ ਹੁੰਦੇ ਹਨ। ਨਾਵਲ ਵਿੱਚ ਭਾਨੋ ਨੇ ਭਾਵੇਂ ਮੁੱਲ ਦਾ ਵਿਆਹ ਕਰਵਾਇਆ ਹੈ ਪਰੰਤੂ ਨਰੈਣਾ ਘਰਾਣੇ ਦਾ ਹੋਣ ਕਾਰਨ ਹੁਣ ਭਾਨੋ ਵੀ ਘਰਾਣਿਆਂ ਦੀ ਔਰਤ ਹੈ। ਸਮਾਜ ਦੇ ਦੂਸਰੇ ਮਰਦਾਂ ਵਾਂਗ ਜੇ ਨਰੈਣ ਆਪਣਾ ਜੀਵਨ ਨਹੀਂ ਜਿਊਂ ਰਿਹਾ ਤਾਂ ਇਸ ਦਾ ਕਾਰਨ ਨਰੈਣੇ ਦਾ ਅਮਲੀ ਹੋਣਾ ਹੈ। ਸੰਤੀ ਬੇਬੇ ਇੱਕ ਨੇਕ ਔਰਤ ਹੈ ਉਹ ਵੀ ਭਾਨੋ ਨੂੰ ਜਦੋਂ ਮਿਲਦੀ ਹੈ, ਦੋਹਾਂ ਦੀ ਸਾਂਝ ਪੈ ਜਾਂਦੀ ਹੈ। ਪੂਰੇ ਬਿਰਤਾਂਤ ਵਿੱਚ ਉਹ ਉਸਦੀ ਹਮਦਰਦ ਪ੍ਰਤੀਤ ਹੁੰਦੀ ਹੈ।

ਦਿਆਲੋ ਘਰਾਣੇ ਦੀ ਔਰਤ ਹੈ ਪਰ ਉਸ ਦੇ ਆਪਣੇ ਦਿਉਰ ਜਾਗਰ ਨਾਲ ਨਜਾਇਜ਼ ਸੰਬੰਧ ਹਨ। ਉਹ ਜ਼ਮੀਨ ਦੇ ਲਾਲਚ ਵਿੱਚ ਜਾਗਰ ਦਾ ਰਿਸ਼ਤਾ ਨਹੀਂ ਹੋਣ ਦਿੰਦੀ। ਭਾਨੋ ਸਥਾਪਿਤ ਪ੍ਰਬੰਧ ਅਨੁਸਾਰ ਮੁੱਲ ਦੀ ਔਰਤ ਹੈ, ਪਰ ਉਸਦਾ ਵਿਹਾਰ ਇੱਕ ਨੇਕ ਅਤੇ ਸੁਚੱਜੀ ਔਰਤ ਵਾਲਾ ਹੈ ਇਸ ਦੇ ਟਾਕਰੇ ਵਿੱਚ ਦਿਆਲੋ ਪੁੰਨ ਦਾ ਵਿਆਹ ਕਰਵਾ ਕੇ ਆਈ ਇੱਕ ਘਰਾਣੇ ਦੀ ਔਰਤ ਹੈ, ਪਰ ਉਸਦਾ ਵਿਹਾਰ ਮਾਨ ਵੀ ਕਦਰਾਂ ਕੀਮਤਾਂ ਵਾਲਾ ਨਹੀਂ ਹੈ। ਇਹ ਸਥਾਪਿਤ ਰੂਪ ਅਤੇ ਤੱਤ ਵਿਚਲਾ ਦਵੰਦ ਹੈ। ਸਥਾਪਿਤ ਪ੍ਰਬੰਧ ਵਿਚ ਵਿਹਾਰਾਂ ਦਾ ਰੂਪ ਅਤੇ ਕਾਰਜ ਹਮੇਸ਼ਾ ਮੇਲ ਨਹੀਂ ਖਾਂਦੇ। ਦਿਆਲੋ ਦੇ ਮਨ ਵਿਚ ਭਾਨੋ ਦਾ ਵਿਰੋਧ ਲਾਜ਼ਮੀ ਹ। ਬੇਬੇ ਸੰਤੀ ਦੇ ਬਥੇਰਾ ਕਹਿਣ ਦੇ ਬਾਵਜੂਦ ਵੀ ਉਹ ਭਾਨੋ ਹਮੇਸ਼ਾ ਭੰਡਦੀ ਰਹਿੰਦੀ ਹੈ। ਦੂਸਰਾ ਉਸ ਨੂੰ ਇਹ ਵੀ ਡਰ ਹੈ ਕਿ ਜਾਗਰ ਨਰੈਣ ਦਾ ਦੋਸਤ ਹੈ। ਜਾਗਰ ਜੁਆਨ ਹੈ ਅਤੇ ਨਰੈਣ ਅਮਲੀ ਅਤੇ ਵੱਡ੍ਹਉਮਰ ਦਾ ਹੈ। ਇਸ ਕਰਕੇ ਜਾਗਰ ਕਿਧਰੇ ਭਾਨੋ ਦੇ ਨੇੜੇ ਨਾ ਚਲਿਆ ਜਾਵੇ।

ਨਰੈਣ ਦੇ ਦੋਸਤ ਵੀ ਭਾਨੋ ਨੂੰ ਮੈਲੀ ਅੱਖ ਨਾਲ ਵੇਖਦੇ ਹਨ। ਉਹਨਾਂ ਲਈ ਭਾਨੋ ਇੱਕ ਮੁੱਲ ਦੀ ਔਰਤ ਹੈ। ਸਮਾਜ ਵਿਚ ਮੁੱਲ ਦੀ ਔਰਤ ਦੀ ਕੋਈ ਇੱਜ਼ਤ ਨਹੀਂ ਹੁੰਦੀ ਤੇ ਨਾ ਹੀ ਇਹੋ ਜਿਹੀਆਂ ਔਰਤਾਂ ਸੰਭਾਵੀ ਸੰਬੰਧਾਂ ਲਈ ਇਨਕਾਰ ਕਰਨ ਵਾਲ ਸਥਿਤੀ ਵਿਚ ਨਹੀਂ ਹੁੰਦੀਆਂ। ਇਕ ਦਿਨ ਨਰੈਣ ਦੀ ਗੈਰ੍ਹਾਜ਼ਰੀ ਵਿਚ ਉਸਦਾ ਦੋਸਤ ਉਸ ਦੇ ਘਰ ਜਾ ਕੇ ਭਾਨੋ ਨਾਲ ਸੰਬੰਧ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਪਹਿਲਾਂ ਤਾਂ ਗੱਲੀ ਬਾਤੀ ਟੋਹ ਕੇ ਵੇਖਦੇ ਹੈ, ਪਰ ਭਾਨੋ ਕੋਈ ਉਤਸ਼ਾਹ ਨਹੀਂ ਵਿਖਾਉਂਦੀ। ਫਿਰ ਕੋਠੇ ਤੇ ਜਾ ਕੇ ਦਾਰੂ ਪੀਣ ਤੋਂ ਬਾਅਦ ਉਸਨੂੰ ਫੜ ਲੈਂਦਾ ਹੈ ਅਤੇ ਬਦਤਮੀਜ਼ੀ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਉਹ ਭਾਨੋ ਨੂੰ ਆਪਣੇ ਵੱਸ ਕਰਨ ਵਿਚ ਅਟਲ ਹੋ ਜਾਂਦਾ ਹੈ ਤਾਂ ਉਹ ਫਿਰ ਉਸਦੇ ਮੁੱਲ ਦੀ ਤੀਵੀਂ ਦੇ ਸੰਕਲਪ ਨੂੰ ਭਾਨੋ ਅਤੇ ਨਰੈਣ ਵਿਚ ਫ਼ਰਕ ਪਾਉਣ ਲਈ ਵਰਤਦਾ ਹੈ। ਘਰਾਣੇ ਦੀ ਔਰਤ ਆਪਣਾ ਭਰਜਾਈ ਨਾਲ ਨਜ਼ਾਇਜ਼ ਸੰਬੰਧਾਂ ਦਾ ਆਨੰਦਮਾਣਨ ਦਾ ਸ਼ੌਕ, ਆਪਣੇ ਵੱਡੇ ਤੋਂ ਚੋਰੀਓ ਅਜਿਹਾ ਆਨੰਦ ਪ੍ਰਾਪਤ ਕਰਨ ਦੇ ਮੌਕੇ ਅਤੇ ਬਹਾਨੇ, ਘਰਾਣਿਆਂ ਦੇ ਬੰਦਿਆਂ ਨੂੰ ਇਖਲਾਕ ਤੋਂ ਸੱਖਣੇ ਕਰ ਦਿੰਦਾ ਹੈ। ਇਹਨਾਂ ਨੂੰ ਸ਼ੈਤਾਨੀਆਂ ਆ ਜਾਂਦੀਆਂ ਹਨ। ਉਸੇ ਸ਼ੈਤਾਨੀ ਵਿਚੋਂ ਉਹ ਨਰੈਣੇ

ਨੂੰ ਭਾਨੋ ਵਿਰੁਧ ਉਕਸਾਉਣ ਵਿਚ ਕਾਮਯਾਬ ਹੋ ਜਾਂਦਾ ਹੈ। ਜਾਗਰ ਨੂੰ ਪਤਾ ਹੈ ਕਿ ਨਰੈਣ ਅਮਲੀ ਨੂੰ ਵੀ ਭਾਨੋ ਤੁਰੀ ਜਾਂਦੀ ਮਿਲੀ ਹੈ। ਨਰੈਣ ਉਸਦੀਆਂ ਗੱਲਾਂ ਵਿਚ ਆ ਜਾਂਦਾ ਹੈ। ਜਾਗਰ ਨਰੈਣ ਨੂੰ ਇਹ ਗੱਲ ਜਚਾ ਦਿੰਦਾ ਹੈ ਕਿ ਉਸ ਦੀ ਗੈਰ੍ਹਾਜਰੀ ਵਿਚ ਭਾਨੋ ਉਸ ਨਾਲ ਸੰਬੰਧ ਬਣਾਉਣਾ ਚਾਹੁੰਦੀ ਸੀ, ਪਰੰਤੂ ਉਹ ਉਸਦਾ ਦੋਸਤ ਹੋਣ ਕਰਕੇ, ਭਾਨੋ ਵੱਲੋ ਅਜਿਹਾ ਕਰਨਾ ਅਪਰਾਧ ਸਮਝਦਾ ਹੈ। ਨਰੈਣ ਦੇ ਮਨ ਵਿਚ ਵੀ ਭਾਨੋ ਦਾ ਮੁੱਲ ਦੀ ਔਰਤ ਹੋਣਾ, ਸਥਾਪਿਤਤਾ ਦੀ ਨਜ਼ਰ ਨਾਲ ਭਾਨੋ ਨੂੰ ਦੇਖਣਾ, ਉਸਨੂੰ ਹਿੰਸਕ ਬਣਾ ਦਿੰਦਾ ਹੈ। ਉਹ ਜਾਗਰ ਦੀ ਗੱਲੋ ਤੇ ਯਕੀਨ ਕਰਕੇ ਭਾਨੋ ਨੂੰ ਬਹੁਤ ਕੁੱਟਦਾ ਮਾਰਦਾ ਹੈ। ਪਿਤਰੀ ਸਤਾ ਵਾਲੇ ਜਗੀਰਦਾਰੀ ਸਮਾਜ ਪ੍ਰਬੰਧ ਵਿਚ ਮਰਦ ਦੀ ਮਾਨਸਿਕਤਾ, ਭਾਨੋ ਨੂੰ ਪਿਤਰੀ ਹਿੰਸਾ ਦਾ ਸ਼ਿਕਾਰ ਬਣਾਉਂਦੀ ਹੈ। ਸਮਾਜ ਅਤੇ ਸਰੀਰਕ ਤੌਰ ਤੇ ਨਸ਼ਿਆਂ ਦਾ ਮਾਰਿਆ ਨਰੈਣਾਂ ਮਰਦ, ਔਰਤ ਤੇ ਕਹਿਰ ਵਰਸਾਉਂਦਾ ਹੈ। ਡੰਗਰਾਂ ਵਾਲੀ ਪਰਾਲੀ ਨਾਲ ਭਾਨੋ ਨੂੰ ਕੁੱਟਕੁੱਟ ਕੇ ਬੇਹਾਲ ਕਰ ਦਿੰਦਾ ਹੈ।

ਇਸ ਮਾਨਸਿਕ ਸਥਿਤੀ ਵਿੱਚ ਭਾਨੋ ਦੇ ਆਪਣੇ ਮਨ ਅੰਦਰ ਪਏ ਮੁੱਲ ਦੀ ਤੀਵੀਂ ਦੇ ਅਹਿਸਾਸ ਕਾਰਨ ਪਰਗਟ ਹੁੰਦੀ ਹੈ। ਭਾਨੋਂ ਨੂੰ ਇੰਦਰ ਅੱਖ ਮਾਰਦਾ ਹੈ, ਜਾਗਰ ਉਸ ਨਾਲ ਸਬੰਧ ਬਣਾਉਣ ਦੀ ਕੋਸ਼ਿਸ਼ ਕਰਦਾ ਹੋਇਆ ਉਸਨੂੰ ਕਲਾਵੇ ਵਿਚ ਲੈਣ ਦੀ ਹਰਕਤ ਕਰਦਾ ਹੈ। ਬਿਰਤਾਂਤ ਦੀਆਂ ਸਿੱਖਰੀ ਕੜੀਆਂ ਵਿਚ ਗੁਰਦੁਆਰੇ ਦਾ ਭਾਈ ਜੀ ਉਸਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਚਾਹੁੰਦਾ ਹੈ। ਇਹ ਉਸਦੀ ਸਹਿਣ ਸ਼ਕਤੀ ਨਹੀਂ ਹੈ ਕਿ ਉਹ ਇਹਨਾਂ ਗੱਲਾਂ ਦੀ ਸ਼ਿਕਾਇਤ ਨਰੈਣ ਕੋਲ ਨਹੀਂ ਕਰਦੀ ਜਾ ਮੌਕੇ ਤੇ ਰੌਲਾ ਨਹੀਂ ਪਾਉਂਦੀ, ਕੋਈ ਉਜਗਰ ਵਿਰੋਧ ਵੀ ਨਹੀਂ ਕਰਦੀ ਬਲਕਿ ਉਸ ਦੇ ਮਨ ਵਿੱਚ ਵਸਿਆ ਘਰਾਣੇ ਦੀਆਂ ਔਰਤਾਂ ਅਤੇ ਉਸ ਵਿਚਲਾ ਫ਼ਰਕ ਹੈ ਜਿਹੜਾ ਉਸਦੇ ਮੁੱਲ ਦਾ ਵਿਆਹ ਜਾਂ ਉਧਾਲ ਕੇ ਲਿਆਉਣ ਜਾਂ ਮਜ਼ਬੂਰੀ ਵੱਸ ਨਰੈਣ ਦੇ ਘਰ ਆ ਕੇ ਰਹਿਣ ਕਰਕੇ ਪੈਦਾ ਹੁੰਦਾ ਹੈ। ਉਸਨੂੰ ਅਹਿਸਾਸ ਹੈ ਕਿ ਮੁੱਲ ਦੀ ਔਰਤ ਦੀ ਕੀ ਇੱਜ਼ਤ ਹੁੰਦੀ। ਪਿੰਡ ਦੇ ਲੋਕ ਵੀ ਭਾਨੋ ਨੂੰ ਮੁੱਲ ਦੀ ਤੀਵੀਂ ਹੀ ਸਮਝਦੇ ਹਨ, ਉਸਨੂੰ ਇਸ ਗੱਲ ਦਾ ਅਹਿਸਾਸ ਵੀ ਹੈ। ਉਹ ਇਸ ਤੋਂ ਵੀ ਚੇਤੰਨ ਹੈ ਕਿ ਮੁੱਲ ਦੀ ਤੀਵੀਂ, ਪੁੰਨ ਦੇ ਵਿਆਹ ਦੀ ਤੀਵੀਂ ਦੇ ਬਰਾਬਰ ਨਹੀਂ ਹੈ। ਉਹ ਇਸ ਗੱਲੋਂ ਵੀ ਚੇਤੰਨ ਇਸ ਸਮਾਜ ਵਿਚ ਹੈ ਕਿ ਉਸਦੀ ਸ਼ਿਕਾਇਤ ਨੂੰ ਲੋਕ, ਘਰਾਣੇ ਦੀਆਂ ਔਰਤਾਂ ਦੀ ਸ਼ਿਕਾਇਤ ਵਾਂਗ ਨਹੀਂ ਲੈਣਗੇ, ਸਗੋਂ ਉਸ ਉੱਤੇ ਹੀ ਚਿੱਕੜਉਛਾਲਣਗੇ। ਇਸ ਲਈ ਉਹ ਆਪਣੇ ਨਾਲ ਹੋਈਆਂ ਬਦਤਮੀਜੀਆਂ ਦਾ ਰੌਲਾ ਨਹੀਂ ਪਾਉਂਦੀ। ਨਰੈਣ ਅਤੇ ਭਾਨੋ ਦਾ ਰਿਸ਼ਤਾ ਵੀ ਇੱਕ ਸੁਰਤਾ ਵਾਲਾ ਨਹੀਂ ਹੈ। ਨਰੈਣ ਉਹਦੀ ਸ਼ਕਤੀ ਨਹੀਂ ਹੈ, ਇਸ ਲਈ ਉਹ ਉਸ ਕੋਲ ਵੀ ਸ਼ਿਕਾਇਤ ਨਹੀਂ ਕਰਦੀ। ਜਾਗਰ ਵਾਲੀ ਘਟਨਾ ਸਮੇਂ ਉਹ ਜਾਗਰ ਤੋਂ ਆਪਣੀ ਜਾਨ ਛੁਡਾ, ਆਪਣੀ ਹਮਦਰਦ ਬੇਬੇ ਸੰਤੀ ਕੋਲ ਚਲੀ ਜਾਂਦੀ ਹੈ।

ਦਲੀਪ ਕੌਰ ਟਿਵਾਣਾ ਨੇ ਸੰਤਾਨ ਨਾ ਹੋਣ ਦੇ ਸੰਕਟ ਨਾਲ ਸਬੰਧਿਤ ਤੰਦ ਨਾਲ, ਬਿਰਤਾਂਤ ਦੀ ਬੁਣਤੀ ਕੀਤੀ ਹੈ, ਕਈ ਵਾਰ ਇਹ ਤੰਦ ਸਪਸ਼ਟ ਨਜ਼ਰ ਆਉਂਦੀ ਹੈ ਕਈ ਵਾਰ ਬੁਣਤੀ ਵਿਚ ਗੁੰਦੀ ਹੋਈ ਹੁੰਦੀ ਹੈ। ਜਿਵੇਂ ਬਿਰਤਾਂਤ ਦੇ ਵਿਸਥਾਰ ਦੌਰਾਨ ਇੱਕ ਕੜੀ ਪੇਸ਼ਕਸ਼ ਵਿਚ ਨਰੈਣ ਦੀ ਭੈਣ ਕਰਤਾਰੀ, ਆਪਣੀ ਕੁੜੀ ਦਾ ਵਿਆਹ ਕਰਨ ਲਈ ਯੂ.ਪੀ. ਤੋਂ ਨਰੈਣ ਦੇ ਪਿੰਡ ਆਉਂਦੀ ਹੈ। ਭੈਣਾਂ ਦੂਰ ਬੈਠੀਆਂ ਵੀ ਭਾਈਆਂ ਦੀ ਚਿੰਤਾ ਕਰਦੀਆਂ ਹਨ। ਜਦੋਂ ਕਰਤਾਰੀ ਭਾਨੋ ਨੂੰ ਨਰੈਣ ਘਰ ਵੇਖਦੀ ਹੈ ਤਾਂ ਖੁਸ਼ ਹੋ ਜਾਂਦੀ ਹੈ, ਕਿ ਮੇਰੇ ਵੀਰ ਦਾ ਘਰ ਵਸਦਾ ਹੈ ਪਰੰਤੂ ਜਦੋਂ ਉਹ ਭਾਨੋ ਦੇ ਬੱਚਾ ਨਾ ਹੋਣ ਬਾਰੇ ਸੋਚਦੀ ਹੈ ਤਾਂ ਉਹ ਵਿਆਹ ਵਿਚ ਆਏ ਆਪਣੇ ਪਰਾਉਣੇ ਦੇ ਭਾਈ ਹਰੀਏ ਨਾਲ ਇਹ ਗੱਲ ਸਾਂਝੀ ਕਰਦੀ ਹੈ ਕਿ ਭਾਨੋ ਦੇ ਆਇਆ ਦੋ ਸਾਲ ਹੋ ਗਏ ਪਰ ਉਸਦੇ ਕੋਈ ਬੱਚਾ ਨਹੀਂ ਹੋਇਆ ਤਾਂ ਭਾਈ ਦੀ ਕੁਲ ਕਿਵੇਂ ਅੱਗੇ ਵਧੂ, ਜਾਇਦਾਦ ਦਾ ਵਾਰਿਸ ਕੌਣ ਹੋਵੇਗਾ। ਮੇਰਾ ਭਾਈ ਕਿਧਰੇ ਔਤ ਤਾਂ ਨਹੀਂ ਮਰ ਜਾਵੇਗਾ। ਹਰੀਆ ਸਮਝਦਾ ਹੈ ਕਿ ਨਰੈਣ ਬੱਚਾ ਪੈਦਾ ਕਰਨ ਦੇ ਯੋਗ ਨਹੀਂ ਹੈ। ਇਸ ਲਈ ਉਹ ਇੱਕ ਅਜਿਹੀ ਔਰਤ ਨਾਲ ਨਰੈਣ ਦਾ ਵਿਆਹ ਕਰਾਉਣ ਬਾਰੇ ਸਲਾਹ ਦਿੰਦਾ ਹੈ ਜੋ ਬੱਚਾ ਪੈਦਾ ਕਰ ਸਕੇ ਉਸਦੀ ਇੱਕ ਸਾਲੀ ਸੀ ਜੋ ਕਿ ਚਾਲੂ ਔਰਤ ਸੀ। ਉਸਦੇ ਪਤੀ ਨੇ ਉਸਨੂੰ ਛੱਡਿਆ ਹੋਇਆ ਸੀ ਕਿਉਂਕਿ ਉਸਦੇ ਵਿਆਹ ਤੋਂ ਸੱਤ ਮਹੀਨੇ ਬਾਅਦ ਵੀ ਨੌ ਮਹੀਨਿਆਂ ਵਾਲਾ ਸਾਬਤ ਮੁੰਡਾ ਜੰਮ ਪਿਆ ਸੀ। ਜਦੋਂ ਸਹੁਰਿਆਂ ਨੂੰ ਉਸਦੇ ਚਰਿਤਰਹੀਣ ਹੋਣ ਦਾ ਪਤਾ ਲੱਗਿਆ ਤਾਂ ਉਸਨੂੰ ਮੁੜ ਕੇ ਲੈਣ ਨਾ ਆਏ। ਮੁੰਡਾਂ ਵੀ ਦੋ ਮਹੀਨਿਆਂ ਦਾ ਹੋ ਕੇ ਮਰ ਗਿਆ। ਹਰੀਆ ਛੇ ਸੌ ਰੁਪਏ ਵਿਚ ਨਰੈਣ ਨਾਲ ਉਸਦਾ ਵਿਆਹ ਕਰਾਉਣ ਦੀ ਗੱਲ ਪੱਕੀ ਕਰ ਜਾਂਦਾ ਹੈ। ਬੇਸ਼ੱਕ ਭਾਨੋ, ਉਸਦੀ ਕੁੜੀ ਦੇ ਵਿਆਹ ਵਿਚ ਬਹੁਤ ਕੰਮ ਕਰਦੀ ਹੈ ਚਾਅ ਨਾਲ ਸਾਰਾ ਕਾਰਜ ਸਿਰੇ ਲਾਉਂਦੀ ਹੈ, ਪਰ ਸੰਤਾਨ ਨਾ ਹੋਣ ਕਰਕੇ, ਨਨਾਣ ਦੇ ਤੱਸ਼ਦਦ ਦਾ ਸ਼ਿਕਾਰ ਹੋ ਜਾਂਦੀ ਹੈ। ਉਸਦੇ ਸਿਰ ਤੇ ਗੰਭੀਰ ਸੱਟ ਲੱਗਦੀ ਹੈ। ਡੇਢ ਮਹੀਨੇ ਬਾਅਦ ਜਦੋਂ ਉਹ ਘਰ ਵਾਪਸ ਪਹੁੰਚਦੀ ਹੈ ਤਾਂ ਨਰੈਣ ਦੀ ਦੂਜੀ ਤੀਵੀਂ ਲਿਆਉਂਦਾ ਹੈ ਜਿਸਦਾ ਸੌਦਾ ਹਰੀਏ ਨੇ ਕਰਾਇਆ ਸੀ।

ਸੰਤਾਨ ਪੈਦਾ ਕਰਨਾ, ਵਿਆਹੁਤਾ ਜੋੜੇ ਦਾ ਸਭਿਆਚਾਰਕ ਸਮਾਜ ਵਿਚ ਸਮਾਜਿਕ, ਆਰਥਿਕ, ਮਨੋਵਿਗਿਆਨਕ ਅਤੇ ਧਾਰਮਿਕ ਤੌਰ ਤੇ ਵੀ ਜ਼ਰੂਰੀ ਹੁੰਦਾ ਹੈ। ਔਰਤ ਬੰਦੇ ਦੀ ਗਤੀ ਨਾ ਹੋਣ ਬਾਰੇ, ਔਤ ਦੀ ਜਾਇਦਾਦ ਹਾਸਲ ਕਰਨ ਵਾਲਿਆਂ ਬਾਰੇ, ਪੰਜਾਬੀ ਸਭਿਆਚਾਰਕ ਸਮਾਜ ਦੀਆਂ ਧਾਰਮਿਕ ਮਨੌਤਾ ਮੌਜੂਦ ਹਨ। ਸੰਤਾਨ ਪੈਦਾ ਨਾ ਹੋਣ ਦਾ ਸੰਕਟ ਇਸ ਬਿਰਤਾਂਤ ਵਿਚ ਹਰ ਕੜੀ ਵਿਚ ਆਪਣਾ ਪ੍ਰਭਾਵ ਛੱਡਦਾ ਹੈ। ਨਰੈਣ ਦੀ ਭੈਣ ਕਰਤਾਰੀ ਦੀ ਇੱਛਾ, ਕਿ ਮੇਰੇ ਭਾਈ ਦੇ ਔਲਾਦ ਹੋਵੇ, ਇਹਦਾ ਕੋਈ ਵਾਰਿਸ ਜਾਂ ਇਹਦੀ ਕੁਲ ਚਲਦੀ ਰਹੇ, ਨੂੰ ਪੂਰਾ ਕਰਨ ਲਈ ਉਹਦਾ ਰਿਸ਼ਤੇਦਾਰ, ਨਰੈਣ ਦੇ ਨਾਮਰਦ ਹੋਣ ਦੇ ਬਾਵਜੂਦ ਪੂਰੇ ਚੜ੍ਹਾਉਣ ਵਾਲੀ ਔਰਤ ਦਾ ਪ੍ਰਬੰਧ ਕਰਦਾ ਹੈ। ਉਸੇ ਪਿੰਡ ਦਾ ਨੌਜੁਆਨ, ਨਰੈਣ ਦਾ ਦੋਸਤ ਜਾਗਰ ਵੀ ਭਾਨੋ ਨੂੰ ਪੁੱਤਰ ਦੀ ਪ੍ਰਾਪਤੀ ਲਈ ਆਪਣੇ ਨਾਲ ਸਬੰਧ ਬਣਾਉਣ ਲਈ ਕਹਿੰਦਾ ਹੈ। ਇਸ ਸਮਾਜ ਵਿਚ ਆਦਮੀ ਕਿਸੇ ਵੀ ਹੱਦ ਤੱਕ ਡਿਗ ਸਕਦਾ ਹੈ, ਕਿਉਂਕਿ ਪੁੱਤਰ ਦਾ ਹੋਣਾ, ਇੱਕ ਵੱਡਾ ਸਮਾਜਿਕ ਮੁੱਲ ਹ। ਇਸ ਤੋਂ ਸੱਖਣੇ ਰਹਿਣ ਵਾਲਿਆਂ ਲਈ ਇਹ ਘੋਰ ਸੰਕਟ ਬਣ ਜਾਂਦਾ ਹੈ।

ਬਿਰਤਾਂਤ ਦੀਆਂ ਅਗਲੀਆਂ ਕੜੀਆਂ ਵਿਚ ਪੰਜਾਬੀ ਸਭਿਆਚਾਰਕ ਸਮਾਜ ਪ੍ਰਬੰਧ ਵਿਚਲੇ ਆਂਤਰਿਕ ਵਿਰੋਧਾਂ ਅਤੇ ਸਬੰਧਾਂ ਨੂੰ ਸਪੱਸ਼ਟ ਕਰਦਾ ਇਹ ਸੰਕਟ ਇੱਕ ਫੈਸਲਾਕੁੰਨ ਪੜਾਅ ਉੱਤੇ ਪਹੁੰਚ ਜਾਂਦਾ ਹੈ। ਹਰੀਏ ਦੁਆਰਾ, ਨਰੈਣੇ ਵਲੋਂ ਖਰੀਦੀ ਔਰਤ ਨਰੈਣ ਲਈ ਬੱਚਾ ਪੈਦਾ ਕਰਨ ਲਈ ਆਪਣੇ

ਪੈਰਾਂ ਦੀ ਜੁੱਤੀ ਤੁੜਵਾ ਲੈਂਦੀ ਹੈ। ਦਰ ਦਰ ਖੇਹ ਖਾਂਦੀ ਹੈ। ਅਖੀਰ ਇੱਕ ਬੱਚਾ ਮੁੰਡਾ ਜੰਮਣ ਵਿਚ ਸਫਲ ਹੋ ਜਾਂਦੀ ਹੈ। ਬਚਨੀ੍ਦਿਆਲੋ ਵਰਗੀਆਂ ਔਰਤਾਂ ਉਸਨੂੰ ਸਰਾਹੁਣ ਲੱਗਦੀਆਂ ਹਨ ਕਿਉਂਕਿ ਭਾਨੋ ਦੇ ਮੁਕਾਬਲੇ ਉਹ ਇੱਕ ਮੁੰਡੇ ਦੀ ਮਾਂ ਬਣ ਚੁੱਕੀ ਹੈ। ਉਸਨੇ ਸਥਾਪਿਤ ਸਮਾਜ ਪ੍ਰਬੰਧ ਵਿਚ ਸਵੀਕਾਰਤ ਸਥਾਨ ਗ੍ਰਹਿਣ ਕਰ ਲਿਆ ਹੈ। ਉਹ ਭਾਗਵੰਤੀ ਦੀ ਤਰਫਦਾਰੀ ਕਰਕੇ ਭਾਨੋ ਨੂੰ ਨੀਵਾਂ ਹੋਣ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕਰਦੀਆਂ ਹਨ।

ਬਿਰਤਾਂਤ ਦੇ ਅਖੀਰ ਵਿੱਚ ਨਰੈਣ ਖੁਦ ਵੀ ਉਸ ਸਮਾਜ ਪ੍ਰਬੰਧ ਅਤੇ ਭਾਗਵੰਤੀ ਨਾਲ ਜਾ ਖੜਾ ਹੁੰਦਾ ਹੈ। ਸਮਾਜ ਜੋ ਭਾਨੋ ਨੂੰ ਔਤ ਪ੍ਰੇਤ ਸਮਝਦਾ ਹੈ ਕਿ ਆਪਣੇ ਅੰਦਰ ਕੋਈ ਦੂਸਰੀਆਂ ਔਰਤਾਂ ਵਾਂਗ ਨਹੀਂ ਕਬੂਲਦਾ। ਇਸ ਤੋਂ ਵੀ ਅੱਗੇ ਆਮ ਮਨੁੱਖਾਂ ਵਾਂਗ ਵੀ ਸਵੀਕਾਰ ਨਹੀਂ ਕਰਦਾ ਅਤੇ ਭਾਗਵੰਤੀ ਜੋ ਭਾਨੋ ਨੂੰ ਆਪਣੇ ਘਰ ਵਿਚ ਹੁਣ ਇੱਕ ਪਲ ਵੀ ਠਹਿਰਨਾ ਪਸੰਦ ਨਹੀਂ ਕਰਦੀ। ਹੁਣ ਨਰੈਣ ਅਤੇ ਭਾਨੋ ਦਾ ਕੋਈ ਸੰਬੰਧ ਨਹੀਂ ਰਹਿੰਦਾ, ਬੇਸ਼ੱਕ ਭਾਨੋ ਨੇ ਉਸਦੇ ਘਰ, ਉਸਦੇ ਪਰਿਵਾਰ ਅਤੇ ਉਸਦੀ ਜ਼ਿੰਦਗੀ ਦੀ ਸ਼ਾਨ ਨੂੰ ਵਧਾਉਣ ਦੀ ਅਣਥੱਕ ਕੋਸ਼ਿਸ਼ ਕੀਤੀ ਹੈ। ਉਹ ਭਾਨੋ ਨੂੰ ਮੱਝਾਂ ਦੇ ਵਪਾਰੀ ਫੱਤੇ ਕੋਲ, ਇੱਕ ਫੰਡਰ ਮੱਝ ਵਾਂਗ ਭੇਜਣ ਲਈ ਮਨ ਬਣਾ ਲੈਂਦਾ ਹੈ ਪਰ ਭਾਨੋ ਇਸ ਸਮਾਜ ਦੀਆਂ ਪਰੰਪਰਾਵਾਂ ਨੂੰ ਤੋੜਦੀ, ਇਸ ਘਟੀਆ ਸਮਾਜ ਨੂੰ ਨੰਗਾ ਕਰਦੀ ਹੋਈ ਅਗਲੀ ਜ਼ਿੰਦਗੀ ਦੀ ਤਲਾਸ਼ ਵਿੱਚ ਨਿਕਲ ਜਾਂਦੀ ਹੈ।

ਹਵਾਲੇ ਅਤੇ ਟਿੱਪਣੀਆਂ

1। ਉੱਪਲ, ਸਵਿੰਦਰ ਸਿੰਘ (ਡਾ.), ਪੰਜਾਬੀ ਨਾਵਲ : ਵਿਧੀ ਤੇ ਵਿਚਾਰ, ਪੰਜਾਬੀ ਰਾਈਟਰਜ਼ ਕੋਆਪਰੇਟਿਵ, ਦਿੱਲੀ, 1982.

2। ਟਿਵਾਣਾ, ਦਲੀਪ ਕੌਰ, ਕਹਾਣੀ ਕਲਾ ਤੇ ਮੇਰਾ ਅਨੁਭਵ, ਭਾਸ਼ਾ ਵਿਭਾਗ, ਪਟਿਆਲਾ, 1977.

3। ਪੰਜ ਪ੍ਰਮੁੱਖ ਕਹਾਣੀਕਾਰ, ਬਿੰਦੂ ਪ੍ਰਕਾਸ਼ਨ, ਪਟਿਆਲਾ, 1976.

4। ਅਗਨੀ ਪ੍ਰੀਖਿਆ, ਆਰਸੀ ਪਬਲਿਸ਼ਰਜ਼, ਦਿੱਲੀ, 1967.

5। ਏਹੁ ਹਮਾਰਾ ਜੀਵਣਾ, ਨਵਯੁੱਗ ਪਬਲਿਸ਼ਰਜ਼, ਦਿੱਲੀ, 1968.

6। ਵਾਟ ਹਮਾਰੀ, ਨਵਯੁੱਗ ਪਬਲਿਸ਼ਰਜ਼, ਦਿੱਲੀ, 1970.

7। ਸੂਰਜ ਤੇ ਸਮੁੰਦਰ, ਨਵਯੁੱਗ ਪਬਲਿਸ਼ਰਜ਼, ਦਿੱਲੀ,

8। ਸਾਹਿਤਕ ਸਵੈਜੀਵਨੀ( ਰਚਨਾ ਮੇਰੀ ਇਬਾਦਤ)

9। ਤਾਰਾ ਸਿੰਘ (ਡਾ.), ਦਲੀਪ ਕੌਰ ਟਿਵਾਣਾ ਦਾ ਨਾਵਲ ਜਗਤ : ਪਰੰਪਰਾ ਅਤੇ ਆਧੁਨਿਕਤਾ ਦਾ ਸੰਵਾਦ, ਵੈਲਵਿਸ਼ ਪਬਲਿਸ਼ਰਜ਼, ਦਿੱਲੀ, 1996.